**ਨੰ : 12/190/94-5ਸਿ5/9248**

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-5 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ, ਡਿਪਟੀ ਕਮਿਸ਼ਨਰ,
ਸਿਵਲ ਸਰਜਨ ਅਤੇ ਪ੍ਰਿੰਸੀਪਲ ਮੈਡੀਕਲ/ਡੈਂਟਲ ਕਾਲਜ,
ਪਟਿਆਲਾ,ਫਰੀਦਕੋਟ ਅਤੇ ਅੰਮ੍ਰਿਤਸਰ ।

ਮਿਤੀ, ਚੰਡੀਗੜ੍ਹ 24-3-95

ਵਿਸ਼ਾ :- ਰਾਜ ਸਰਕਾਰ ਦੇ ਪੈਨਸ਼ਨਰਾਂ ਦੀ ਪੀ.ਜੀ.ਆਈ.,ਚੰਡੀਗੜ੍ਹ ਵਿਖੇ ਪ੍ਰਾਈਵੇਟ ਰੂਮ ਲੈਣ ਦੀ ਹੱਕਦਾਰੀ (ਇਨਟਾਈਟਲਮੈਂਟ) ਬਾਰੇ ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਕਈ ਵਿਭਾਗਾਂ ਵਲੋਂ ਸਪੱਸ਼ਟੀਕਰਣ ਮੰਗਿਆ ਗਿਆ ਹੈ ਕਿ ਪੀ.ਜੀ.ਆਈ.,ਚੰਡੀਗੜ੍ਹ ਵਿਖੇ ਪੈਨਸ਼ਨਰਾਂ ਦੀ ਪ੍ਰਾਈਵੇਟ ਰੂਮ ਲੈਣ ਦੀ ਹੱਕਦਾਰੀ (ਇਨਟਾਈਟਲਮੈਂਟ) ਕੀ ਹੋਵੇਗੀ । ਇਸ ਮਾਮਲੇ ਨੂੰ ਵਿਚਾਰਨ ਉਪਰੰਤ ਫੈਸਲਾ ਕੀਤਾ ਗਿਆ ਹੈ ਕਿ ਪੀ.ਜੀ.ਆਈ., ਚੰਡੀਗੜ੍ਹ ਵਿਖੇ ਕਿਸੇ ਪੈਨਸ਼ਨਰ ਦੀ ਪ੍ਰਾਈਵੇਟ ਰੂਮ ਲੈਣ ਦੀ ਹੱਕਦਾਰੀ ਉਸ ਦੇ ਰਿਟਾਇਰਮੈਂਟ ਸਮੇਂ ਦੇ ਸਟੇਟਸ ਅਨੁਸਾਰ ਹੀ ਹੋਵੇਗੀ, ਭਾਵ ਕਿ ਰਿਟਾਇਰਮੈਂਟ ਸਮੇਂ ਤੋਂ ਪਹਿਲਾਂ ਜੇਕਰ ਪੈਨਸ਼ਨਰ ਪ੍ਰਾਈਵੇਟ ਰੂਮ, ਪੀ.ਜੀ.ਆਈ. ਵਿੱਚ, ਪੀ.ਜੀ.ਆਈ.ਦੀਆਂ ਸ਼ਰਤਾਂ ਮੁਤਾਬਿਕ, ਲੈਣ ਦਾ ਹੱਕਦਾਰ ਹੋਵੇਗਾ, ਤਦ ਹੀ ਰਿਟਾਇਰਮੈਂਟ ਤੋਂ ਬਾਅਦ ਵੀ ਉਹ ਪ੍ਰਾਈਵੇਟ ਰੂਮ ਲੈਣ ਦਾ ਹੱਕਦਾਰ ਹੋਵੇਗਾ ।

2. **ਇਹ ਹਦਾਇਤਾਂ ਵਿੱਤ ਵਿਭਾਗ ਦੀ ਸਹਿਮਤੀ ਜਿਹੜੀ ਕਿ ਉਨ੍ਹਾਂ ਦੇ ਆਪਣੇ ਅੰ.ਵਿ.ਪੱ.ਨੰ: 1/44/94-1ਵਿ.ਪ੍ਰ-3, ਮਿਤੀ 8-2-95 ਰਾਹੀਂ ਪ੍ਰਾਪਤ ਹੋਈ, ਦੇ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ ।**

**ਵਿਸ਼ਵਾਸਪਾਤਰ,**

ਸਹੀ/-
ਵਧੀਕ ਸਕੱਤਰ ਸਿਹਤ

ਇਸ ਦਾ ਇਕ ਉਤਾਰਾ ਸਾਰੇ ਪ੍ਰਿੰਸੀਪਲ ਸਕੱਤਰਾਂ/ਵਿੱਤੀ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
(ਵਧੀਕ ਸਕੱਤਰ ਸਿਹਤ)

ਸੇਵਾ ਵਿਖੇ

ਪ੍ਰਿੰਸੀਪਲ ਸਕੱਤਰ/ਵਿੱਤੀ ਕਮਿਸ਼ਨਰਜ਼ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ ।

ਅੰ.ਵਿ.ਪੱ.ਨੰ: 12/190/94-5ਸਿ5/9249 ਮਿਤੀ, 24-3-1995

ਪਿੱਠ ਅੰਕਣ.ਨੰ: 12/190/94-5ਸਿ5/9250 ਮਿਤੀ, 24-3-1995

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਿੱਤ ਸਕੱਤਰ, ਕੇਂਦਰੀ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ।
2. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ ।
3. ਡਾਇਰੈਕਟਰ, ਪੈਨਸ਼ਨ ਅਤੇ ਪੈਨਸ਼ਨਰ ਭਲਾਈ, ਪੰਜਾਬ ।
4. ਮਹਾ-ਲੇਖਾਕਾਰ, ਪੰਜਾਬ, ਚੰਡੀਗੜ੍ਹ ।
5. ਚੇਅਰਮੈਨ, ਚੌਥਾ ਪੰਜਾਬ ਤਨਖਾਹ ਕਮਿਸ਼ਨ, ।

ਸਹੀ/-
ਵਧੀਕ ਸਕੱਤਰ ਸਿਹਤ

ਇਸ ਦਾ ਇਕ ਉਤਾਰਾ ਵਿੱਤ ਵਿਭਾਗ, ਪੰਜਾਬ ਸਰਕਾਰ ਨੂੰ ਉਨ੍ਹਾਂ ਦੇ ਅੰ.ਵਿ.ਪੱ.ਨੰ : 1/44/94-1 ਵਿ.ਪੁ.-3, ਮਿਤੀ 8-2-95 ਦੇ ਹਵਾਲੇ ਵਿੱਚ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
ਵਧੀਕ ਸਕੱਤਰ ਸਿਹਤ

ਸੇਵਾ ਵਿੱਚ

ਵਿੱਤ ਵਿਭਾਗ,ਪੰਜਾਬ ਸਰਕਾਰ
(ਵਿੱਤ ਖ਼ਰਚਾ-2 ਸ਼ਾਖਾ)

ਅੰ.ਵਿ.ਪੱ.ਨੰ: 12/190/94-5ਸਿ5/9251 ਮਿਤੀ, 24-3-1995

----------

**ਨੰ : 12/29/98-5ਸਿ5/15726**

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-5 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ, ਡਿਪਟੀ ਕਮਿਸ਼ਨਰ,
ਸਿਵਲ ਸਰਜਨ ਅਤੇ ਪ੍ਰਿੰਸੀਪਲ ਮੈਡੀਕਲ/ਡੈਂਟਲ ਕਾਲਜ,
ਪਟਿਆਲਾ,ਫਰੀਦਕੋਟ ਅਤੇ ਅੰਮ੍ਰਿਤਸਰ ।

ਮਿਤੀ, ਚੰਡੀਗੜ੍ਹ 25-6-2001

ਵਿਸ਼ਾ. ਸੇਵਾ-ਨਵਿਰਤ ਕਰਮਚਾਰੀਆਂ ਜਾਂ ਉਹਨਾਂ ਦੇ ਆਸ਼ਰਿਤ ਮੈਂਬਰਾਂ ਦੇ ਮੈਡੀਕਲ ਇਲਾਜ ਲਈ ਯਾਤਰਾ ਕਰਨ ਦੀ ਹੱਕਦਾਰੀ (ਇਨਟਾਈਟਲਮੈਂਟ) ਬਾਰੇ ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਮੇਂ-ਸਮੇਂ ਤੇ ਵਿਭਾਗਾਂ ਵਲੋਂ ਇਹ ਸਪੱਸ਼ਟੀਕਰਣ ਮੰਗਿਆ ਜਾਂਦਾ ਹੈ ਕਿ ਸੇਵਾ-ਨਵਿਰਤ ਕਰਮਚਾਰੀਆਂ ਜਾਂ ਉਹਨਾਂ ਦੇ ਆਸ਼ਰਿਤ ਮੈਂਬਰਾਂ ਦੇ ਮੈਡੀਕਲ ਇਲਾਜ ਲਈ ਕੀਤੀ ਜਾਂਦੀ ਯਾਤਰਾ ਤੇ ਹੋਏ ਖਰਚੇ ਦੀ ਪ੍ਰਤੀ-ਪੂਰਤੀ ਕਰਨ ਲਈ ਪੈਨਸ਼ਨਰ ਦੀ ਹੱਕਦਾਰੀ (ਇਨਟਾਈਟਲਮੈਂਟ) ਕੀ ਹੋਵੇਗੀ । ਇਸ ਮਾਮਲੇ ਨੂੰ ਵਿਚਾਰਨ ਉਪਰੰਤ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਮੈਡੀਕਲ ਇਲਾਜ ਲਈ ਪੈਨਸ਼ਨਰ ਆਪਣੀ ਰਿਟਾਇਰਮੈਂਟ ਸਮੇਂ ਦੇ ਸਟੇਟਸ ਅਨੁਸਾਰ ਰੇਲ/ਬੱਸ ਦੀ ਯਾਤਰਾ ਦੀ ਸਹੂਲਤ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ ਅਤੇ ਇਸੇ ਅਨੁਸਾਰ ਉਨ੍ਹਾਂ ਦੇ ਆਸ਼ਰਿਤਾਂ ਦੀ ਵੀ ਇਨਟਾਈਟਲਮੈਂਟ ਮੰਨੀ ਜਾਵੇਗੀ ।

2. ਇਹ ਹਦਾਇਤਾਂ ਵਿੱਤ ਵਿਭਾਗ ਦੇ ਅੰ: ਵਿ: ਪੱ: ਨੰ: 8/157/98-5ਵਿਖ2/1250 ਮਿਤੀ 8-5-2001 ਅਤੇ ਅੰ: ਵਿ:ਪੱ: ਨੰ: 8/157/98-5ਵਿਖ2/1943 ਮਿਤੀ 18-6-2001 ਰਾਹੀਂ ਪ੍ਰਾਪਤ ਹੋਈ ਸਹਿਮਤੀ ਅਨੁਸਾਰ ਜਾਰੀ ਕੀਤੀਆਂ ਗਈਆਂ ਹਨ ।

3. ਇਹ ਹਦਾਇਤਾਂ ਸਮੂਹ ਕਰਮਚਾਰੀਆਂ/ਅਧਿਕਾਰੀਆਂ/ਪੈਨਸ਼ਨਰਾਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ।

ਵਿਸ਼ਵਾਸਪਾਤਰ,
ਸਹੀ/-
(ਪੀ.ਐਸ.ਜਿੰਦਲ)
ਅਧੀਨ ਸਕੱਤਰ ਸਿਹਤ (ਜ)

ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਿੰਸੀਪਲ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
ਅਧੀਨ ਸਕੱਤਰ ਸਿਹਤ (ਜੇ)

ਵੱਲ

ਸਮੂਹ ਵਿੱਤੀ ਕਮਿਸ਼ਨਰ, ਪ੍ਰਿੰਸੀਪਲ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਅੰ:ਵਿ: ਪੱ:ਨੰ: 12/29/98-5ਸਿ5/15727 ਮਿਤੀ, ਚੰਡੀਗੜ੍ਹ 25-6-2001

ਪਿ:ਅੰ:ਨੰ: 12/29/98-5ਸਿ5/15728-34 ਮਿਤੀ, ਚੰਡੀਗੜ੍ਹ 25-6-2001

ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਵਿੱਤ ਸਕੱਤਰ, ਕੇਂਦਰੀ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ;

2) ਮਹਾਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ;

3) ਮਹਾਲੇਖਾਕਾਰ (ਆਡਿਟ) ਪੰਜਾਬ, ਚੰਡੀਗੜ੍ਹ ;

4) ਅਕਾਊਂਟੈਂਟ ਜਨਰਲ (ਰੈਵੇਨਿਊ) ਪੰਜਾਬ, ਪੰਜਾਬ ਭਵਨ, ਨਵੀਂ ਦਿਲੀ ;

5) ਡਾਇਰੈਕਟਰ, ਸਿਹਤ ਸੇਵਾਵਾਂ, ਪੰਜਾਬ, ਚੰਡੀਗੜ੍ਹ ;

6) ਡਾਇਰੈਕਟਰ, ਪੈਨਸ਼ਨ ਅਤੇ ਪੈਨਸ਼ਨਰਜ਼ ਭਲਾਈ, ਪੰਜਾਬ, ਚੰਡੀਗੜ੍ਹ ਅਤੇ

7) ਰਾਜ ਦੇ ਸਮੂਹ ਖਜ਼ਾਨਾ ਅਫ਼ਸਰ ।

ਸਹੀ/-
ਅਧੀਨ ਸਕੱਤਰ ਸਿਹਤ (ਜੇ)

ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਖਰਚਾ-2 ਸ਼ਾਖਾ) ਨੂੰ ਉਹਨਾਂ ਦੇ ਅੰ: ਵਿ: ਪੱ: ਨੰ: 8/157/98-5ਵਿਖ2/1943 ਮਿਤੀ 18-6-2001 ਦੇ ਹਵਾਲੇ ਨਾਲ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
ਅਧੀਨ ਸਕੱਤਰ ਸਿਹਤ (ਜੇ)

ਸੇਵਾ ਵਿਖੇ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ (ਵਿੱਤ ਖਰਚਾ-2 ਸ਼ਾਖਾ) ।

ਅੰ: ਵਿ: ਪੱ: ਨੰ: 12/29/98-5ਸਿ5/15735 ਮਿਤੀ, ਚੰਡੀਗੜ੍ਹ 25-6-2001

<u>ਅੰਦਰੂਨੀ ਵੰਡ</u>

ਸੁਪਰਡੈਂਟ
ਸਿਹਤ 1,2,4,6 ਅਤੇ 7 ਸ਼ਾਖਾਵਾਂ

-------------